Ontario

ਵਿੱਤ ਮੰਤਰਾਲਾ

# ਜਿਆਦਾ ਮਜ਼ਬੂਤ, ਜਿਆਦਾ ਸਿਹਤਮੰਦ ਓਨਟਾਰਿਓ

2017 ਓਨਟਾਰਿਓ ਬਜਟ



## ਬੁਨਿਆਦੀ ਢਾਂਚਾ ਅਤੇ ਘਰ

ਆਰਥਕ ਵਿਵਸਥਾ ਦੇ ਵਾਧੇ ਲਈ ਅਤੇ ਜੀਵਨ ਦੀ ਉੱਚ ਗੁਣਵੱਤਾ ਨੂੰ ਯਕੀਨੀ ਬਣਾਉਣ ਲਈ ਜਨਤਕ ਬੁਨਿਆਦੀ ਢਾਂਚੇ ਵਿੱਚ ਨਿਵੇਸ਼ ਮਹੱਤਵਪੂਰਨ ਹੈ ਭਾਵੇਂ ਲੋਕ ਓਨਟਾਰਿਓ ਦੇ ਵੱਡੇ, ਛੋਟੇ, ਸ਼ਹਿਰੀ ਜਾਂ ਪੇਂਡੂ ਭਾਈਚਾਰਿਆਂ ਵਿੱਚ ਰਹਿੰਦੇ ਹਨ। 13 ਸਾਲਾਂ ਦੀ ਮਿਆਦ ਦੇ ਦੌਰਾਨ ਜਨਤਕ ਬੁਨਿਆਦੀ ਢਾਂਚੇ ਵਿੱਚ 190 ਬਿਲੀਅਨ ਡਾਲਰ ਤੋਂ ਵੱਧ ਦਾ ਨਿਵੇਸ਼ ਕਰਨ ਦੀ 2014-2015 ਵਿੱਚ ਸ਼ੁਰੂ ਹੋਈ ਸਾਡੀ ਯੋਜਨਾ ਸਾਡੇ ਪ੍ਰਾਂਤ ਦੇ ਇਤਿਹਾਸ ਵਿੱਚ ਜਨਤਕ ਬੁਨਿਆਦੀ ਢਾਂਚੇ ਵਿੱਚ ਸਭ ਤੋਂ ਵੱਡਾ ਨਿਵੇਸ਼ ਹੈ।

2017 ਦੀ ਬੱਜਟ ਯੋਜਨਾ ਦੇ ਨਾਲ ਸਰਕਾਰ ਗਰੇਟਰ ਟੋਰੋਂਟੋ ਹਮਿਲਟਨ ਏਰੀਏ (ਜੀ ਟੀ ਐਚ ਏ)ਪਬਲਿਕ ਟ੍ਰਾਂਜ਼ਿਟ ਅਤੇ ਪੂਰੇ ਸੂਬੇ ਵਿਚ ਟਰਾਂਸਪੋਰਟੇਸ਼ਨ ਅਤੇ ਬੁਨਿਆਦੀ ਢਾਂਚੇ ਵਿਚ ਨਿਵੇਸ਼ ਕਰੇਗੀ। ਸੂਬਈ ਸਰਕਾਰ ਫੈਡਰਲ ਸਰਕਾਰ ਨਾਲ ਮਿਲ ਕੇਕੰਮ ਕਰੇਗੀ, ਫੇਜ਼ ਟੂ ਦੇ ਬੁਨਿਆਦੀ ਢਾਂਚੇ ਵਿਚ ਨਿਵੇਸ਼ ਕਰਕੇ, ਜੋ ਫੈਡਰਲ ਬੱਜਟ ਵਿਚ ਲਿਖਿਆ ਹੈ, ਉਹ ਲਾਗੂ ਕਰੇਗੀ, ਜਿਸ ਵਿਚ ਵਧੇਰੇ ਨਵੇਂ ਪ੍ਰਾਜੈਕਟਾਂ ਦਾ ਸਹਿਯੋਗ ਹੈ।

ਸਰਕਾਰ ਮੁਰੰਮਤ,ਆਧੁਨਿਕੀਕਰਨ ਅਤੇ ਨਵੇਂ ਕਮਿਊਨਿਟੀ ਬੁਨਿਆਦੀ ਢਾਂਚੇ ਦੇ ਨਿਰਮਾਣ ਦੇ ਰਾਹੀਂ ਪੁੱਜਤਯੋਗ ਘਰਾਂ ਤੱਕ ਪਹੁੰਚ ਨੂੰ ਵਧਾਉਣ ਲਈ ਵੀ ਕੰਮ ਕਰ ਰਹੀ ਹੈ।




ਲੰਬੇ ਸਮੇਂ ਤੱਕ, ਨਿਰੰਤਰ ਚੱਲਣ ਵਾਲੀ ਫੰਡਿੰਗ ਰਾਹੀਂ ਪ੍ਰਾਂਤ ਭਰ ਵਿੱਚ ਸਥਾਨਕ ਪ੍ਰਾਥਮਿਕਤਾਵਾਂ ਨੂੰ ਸਹਾਰਾ ਦੇਣ ਵਾਸਤੇ

**ਸਾਡੇ ਪਾਰਟਨਰਾਂ ਦੇ ਨਾਲ ਸਹਿਯੋਗ ਕਰਨਾ।**



. 10 ਸਾਲਾਂ ਦੇ ਦੌਰਾਨ ਭੀੜ-ਭੜੱਕੇ ਦਾ ਪ੍ਰਬੰਧ ਕਰਨ ਲਈ, ਭਾਈਚਾਰਿਆਂ ਨੂੰ ਜੋੜਨ ਲਈ ਅਤੇ ਲੋਕਾਂ ਨੂੰ ਸਫਰ ਲਈ ਹੋਰ ਵਿਕਲਪ ਦੇਣ ਲਈ ਲਗਭਗ 84 ਬਿਲੀਅਨ ਦਾ ਨਿਵੇਸ਼ ਕਰਕੇ

**ਟ੍ਰਾਂਜ਼ਿਟ ਅਤੇ ਢੋਆ - ਢੁਆਈ ਦਾ ਨਿਰਮਾਣ**



ਅੱਪਡੇਟ ਕੀਤੀ ਗਈ ਲੌਂਗ-ਟਰਮ ਅਫੋਰਡੇਬਲ ਹਾਉਸਿੰਗ ਸਟ੍ਰੈਟੇਜੀ (Long-Term Affordable Housing Strategy) ਨੂੰ ਲਾਗੂ ਕਰਨ ਨੂੰ ਸਹਾਰਾ ਦੇਕੇ ਲੋਕਾਂ ਵਾਸਤੇ ਪੁਜੱਣ ਯੋਗ ਘਰ ਲੱਭਣ ਯੋਗ ਘਰ ਲੱਭਣ ਨੂੰ ਅਸਾਨ ਬਣਾ ਕੇ

**ਘਰਾਂ ਤੱਕ ਹੋਰ ਪਹੁੰਚ**

## ਅਸੀਂ ਟ੍ਰਾਂਜ਼ਿਟ ਅਤੇ ਢੋਆ – ਢੁਆਈ ਸੰਬੰਧੀ ਬੁਨਿਆਦੀ ਢਾਂਚੇ ਵਿੱਚ ਨਿਵੇਸ਼ ਕਰਕੇ ਕਿਵੇਂ ਸਹਾਇਤਾ ਕਰ ਰਹੇ ਹਾਂ

ਓਨਟਾਰਿਓ ਕਾਰਵਾਈ ਕਰ ਰਿਹਾ ਹੈ:

- ਵਿਸ਼ਵ-ਵਿਆਪੀ ਤੌਰ ਤੇ ਪ੍ਰਤੀਯੋਗੀ ਅਰਥ ਵਿਵਸਥਾ, ਜੀਵਨ ਦੇ ਉੱਚੇ ਸਤਰ ਨੂੰ ਸਹਾਰਾ ਦੇਣ ਲਈ,ਅਤੇ ਹਰ ਸਾਲ, ਔਸਤਨ 50,000 ਨੌਕਰੀਆਂ ਉਤਪੰਨ ਕਰਨ ਲਈ 10 ਸਾਲਾਂ ਦੇ ਦੌਰਾਨ ਲਗਭਗ 84 ਬਿਲੀਅਨ ਡਾਲਰ ਦਾ ਨਿਵੇਸ਼ ਕਰਕੇ ਦੁਨੀਆਂ ਵਿੱਚ ਸਭ ਤੋਂ ਵਧੀਆ ਵਿੱਚੋਂ ਇੱਕ ਟ੍ਰਾਂਜ਼ਿਟ ਅਤੇ ਢੋਆ - ਢੁਆਈ ਸਿਸਟਮ ਦਾ ਨਿਰਮਾਣ ਕਰਕੇ।
- ਯੂਨੀਅਨ ਪੀਅਰਸਨ ਐਕਸਪ੍ਰੈਸ ਦੇ ਬਿਜਲੀਕਰਨ ਸਮੇਤ, ਗੋ ਰੇਲ ਨੈੱਟਵਰਕ ਤੇ ਗੋ ਰੀਜਨਲ ਐਕਸਪ੍ਰੈਸ ਰੇਲ (GO Regional Express Rail (RER)) ਦੇ ਰਾਹੀਂ ਜਿਆਦਾ ਤੇਜ਼ ਅਤੇ ਅਕਸਰ ਸੇਵਾ ਨੂੰ ਮੁਮਕਨ ਬਣਾਉਣ ਲਈ ਵਿੱਚ ਮੂਵਿੰਗ ਓਨਟਾਰਿਓ ਫੌਰਵਰਡ (Moving Ontario Forward) ਰਾਹੀਂ 13.5 ਬਿਲੀਅਨ ਡਾਲਰ ਦਾ ਨਿਵੇਸ਼ ਕਰਕੇ। ਇਹ ਗੋ ਰੇਲ ਭਰ ਵਿੱਚ ਚੰਗੀ ਮੁਰੰਮਤ ਦੀ ਅਵਸਥਾ, ਸਭ ਤੋਂ ਪ੍ਰਭਾਵਸ਼ਾਲੀ ਕੰਮ ਅਤੇ ਵਾਧੇ ਲਈ 7.8 ਬਿਲੀਅਨ ਦੀਆਂ ਮੌਜੂਦਾ ਵਚਨਬੱਧਤਾਵਾਂ ਤੋਂ ਇਲਾਵਾ ਹੈ। 21.3 ਬਿਲੀਅਨ ਡਾਲਰ ਦਾ ਇਹ ਕੁਲ ਨਿਵੇਸ਼ ਗੋ ਕੈਪੀਟਲ ਪ੍ਰੋਗਰਾਮ ਨੂੰ ਕੈਨੇਡਾ ਭਰ ਵਿੱਚ ਰੋਜ਼ਾਨਾ ਯਾਤਰੀਆਂ ਦਾ ਸਭ ਤੋਂ ਵੱਡਾ ਰੇਲ ਪ੍ਰੋਗਰਾਮ ਬਣਾ ਦਿੰਦਾ ਹੈ। ਸੰਘੀ ਸਰਕਾਰ ਦੀ ਗੋ ਆਰ ਈ  ਆਰ (RER) ਨੂੰ ਸਹਾਰਾ ਦੇਣ ਦੀ 1.9 ਬਿਲੀਅਨ ਦੀ ਹਾਲ ਹੀ ਵਿੱਚ ਕੀਤੀ ਗਈ ਵਚਨਬੱਧਤਾ ਨੂੰ ਵਰਤ ਕੇ, ਪ੍ਰਾਂਤ ਕੋਲ ਹੁਣ ਪ੍ਰਾਥਮਿਕਤਾ ਵਾਲੇ ਹੋਰ ਵੀ ਜਿਆਦਾ ਪ੍ਰਾਜੈਕਟਾਂ ਵਿੱਚ ਨਿਵੇਸ਼ ਕਰਨ ਦੀ ਕਾਬਲੀਅਤ ਹੈ।
- ਜੀ ਟੀ ਐਚ ਏ ਭਰ ਵਿੱਚ ਟ੍ਰਾਂਜ਼ਿਟ ਪ੍ਰਾਜੈਕਟਾਂ ਨੂੰ ਜਾਰੀ ਰੱਖ ਕੇ, ਜਿਸ ਵਿੱਚ ਸ਼ਾਮਲ ਹਨ ਮਾਉਂਟ ਡੈਨਿਸ ਅਤੇ ਕੈਨੇਡੀ ਸਟੇਸ਼ਨ ਦੇ ਵਿੱਚ ਐਗਲਿੰਟਨ ਐਵੇਨਿਯੂ ਤੇ ਚੱਲਣ ਵਾਲੀ ਐਗਲਿੰਨਟਨ ਕਰੌਸਟਾਉਨ ਐਲ ਆਰ ਟੀ(LRT) ; ਹੈਮਿਲਟਨ ਰੈਪਿਡ ਟ੍ਰਾਂਜ਼ਿਟ, ਮੈਕਮਾਸਟਰ ਯੂਨੀਵਰਸਿਟੀ ਅਤੇ ਕਵੀਨਜ਼ਟਨ ਸਰਕਲ ਵਿੱਚ ਇੱਕ ਸਮਰਪਤ ਐਲ ਆਰ ਟੀ ਲਾਇਨ; ਅਤੇ ਮਿਸੀਸਾਗਾ ਟ੍ਰਾਂਜ਼ਿਟਵੇ, ਵਿੰਸਟਨ ਚਰਚਹਿਲ ਬੁਲੇਵਾਰਡ ਤੋਂ ਰੇਨਫੋਰਥ ਡਰਾਇਵ ਤੱਕ –ਅਤੇ ਟੋਰੋਂਟੋ ਵਿੱਚ ਡਾਉਨਟਾਉਨ ਰੀਲੀਫ ਲਾਇਨ ਦੀ ਯੋਜਨਾਬੰਦੀ ਲਈ ਸਮਰਥਨ।
- ਆਟਵਾ ਲਾਇਟ ਰੇਲ ਟ੍ਰਾਂਜ਼ਿਟ ਪ੍ਰਾਜੈਕਟ ਦੀ ਸਟੇਜ 2 ਵਿੱਚ  ਲਗਭਗ 30 ਕਿਲੋਮੀਟਰ ਦੀ ਨਵੀਂ ਰੇਲ ਅਤੇ ਐਲ ਆਰ ਟੀ(LRT) ਨੂੰ ਪੂਰਬ, ਪੱਛਮ ਅਤੇ ਦੱਖਣ ਵਲ ਵਧਾਉਣ ਵਾਸਤੇ 19 ਨਵੇਂ ਸਟੇਸ਼ਨਾਂ ਦਾ ਵਾਧਾ ਕਰਨ ਵਾਸਤੇ 1 ਬਿਲੀਅਨ ਡਾਲਰ ਤੋਂ ਵੱਧ ਦਾ ਨਿਵੇਸ਼ ਕਰਕੇ।
- ਡਾਉਨਟਾਉਨ ਕਿਚਨਰ ਵਿੱਚ ਪ੍ਰਸਥਾਪਿਤ ਟ੍ਰਾਂਜ਼ਿਟ ਹਬ ਜੋ ਕਿ ਗੋ ਰੇਲ ਅਤੇ ਬਸ ਸੇਵਾਵਾਂ, ਵਾਟਰਲੂ ਖੇਤਰ ਦੀ ਭਵਿੱਖ ਦੀ ਐਲ ਆਰ ਟੀ(LRT) ਲਾਇਨ, ਵੀਆ (VIA) ਰੇਲ ਸੇਵਾਵਾਂ ਅਤੇ ਸਥਾਨਕ ਅਤੇ ਇੰਟਰ ਕਮਿਉਨਿਟੀ ਬਸ ਸੇਵਾ ਨਾਲ ਜੁੜੇਗਾ ਲਈ 43 ਮਿਲੀਅਨ ਡਾਲਰ ਤੱਕ ਦੀ ਪ੍ਰਾਂਤੀਏ ਫੰਡਿੰਗ ਮੁਹੱਈਆ ਕਰਕੇ।
- 2019 ਤੋਂ ਸ਼ੁਰੂ ਕਰਕੇ ਮੌਜੂਦਾ ਪ੍ਰਾਂਤੀਏ ਗੈਸ ਟੈਕਸ ਪ੍ਰੋਗਰਾਮ ਵਿੱਚ ਵਾਧੇ, ਦੇ ਰਾਹੀਂ ਸਥਾਨਕ ਟ੍ਰਾਂਜ਼ਿਟ ਦੇ ਲਈ ਫੰਡਿੰਗ ਵਿੱਚ ਵਾਧਾ ਕਰਕੇ, ਨਗਰਪਾਲਿਕਾ ਦੇ ਹਿੱਸੇ ਨੂੰ 2021 ਤੱਕ ਦੋ ਸੈਂਟ ਤੋਂ ਪ੍ਰਤੀ ਲੀਟਰ ਤੱਕ ਦੁਗਣਾ ਕਰਦੇ ਹੋਏ, ਨਗਰਪਾਲਿਕਾਵਾਂ ਵਾਸਤੇ ਸਥਿਰ ਫੰਡਿੰਗ ਮੁਹੱਈਆ ਕਰਨ ਲਈ ਤਾਂ ਕਿ ਉਹ ਆਪਣੇ ਸਥਾਨਕ ਟ੍ਰਾਂਜ਼ਿਟ ਸਿਸਟਮਾਂ ਦਾ ਵਿਸਤਾਰ ਕਰ ਸਕਣ ਅਤੇ ਰੋਜ਼ਾਨਾ ਯਾਤਰੀਆਂ ਅਤੇ ਪਰਿਵਾਰਾਂ ਲਈ ਸਫਰ ਦੇ ਹੋਰ ਵਿਕਲਪ ਪੇਸ਼ ਕਰ ਸਕਣ।
- 2017 –18 ਵਿੱਚ ਓਨਟਾਰਿਓ ਦੇ ਕਨੈਕਟਿੰਗ ਲਿੰਕਸ (Connecting Links) ਪ੍ਰੋਗਰਾਮ ਲਈ 19 ਨਗਰਪਾਲਿਕਾਵਾਂ ਨੂੰ ਸੜਕਾਂ ਅਤੇ ਪੁਲਾਂ ਦੀ ਮੁਰੰਮਤ ਕਰਨ, ਇੱਕ ਕਮਿਊਨਿਟੀ ਦੇ ਵਿੱਚੋਂ ਪ੍ਰਾਂਤੀਏ ਹੋਈਵੇ ਦੇ ਦੋ ਸਿਰਿਆਂ ਨੂੰ ਜਾਂ ਬਾਰਡਰ ਕਰਾਸਿੰਗ ਤੱਕ ਜੋੜਨ ਲਈ  ਫੰਡਿੰਗ ਨੂੰ 25 ਮਿਲੀਅਨ ਡਾਲਰ ਤੱਕ ਵਧਾ ਕੇ।
- 2021- 22 ਤੱਕ , ਪ੍ਰਾਂਤ ਭਰ ਵਿੱਚ, ਹਾਈਵੇ ਦੇ ਲਗਭਗ 5,000 ਕਿਲੋਮੀਟਰਾਂ ਅਤੇ 750 ਤੋਂ ਵੱਧ ਪੁਲਾਂ, ਜਿਸ ਵਿੱਚ ਉੱਤਰੀ ਓਨਟਾਰਿਓ ਵਿੱਚ ਉਨ੍ਹਾਂ ਹਾਈਵੇਆਂ ਦੇ ਲਗਭਗ 2,400 ਕਿਲੋਮੀਟਰ ਅਤੇ 200 ਪੁਲ ਸ਼ਾਮਲ ਹਨ, ਦਾ ਨਿਰਮਾਣ ਜਾਂ ਪੁਨਰਸਥਾਪਨ।

## ਅਸੀਂ ਪੁਜੱਣਯੋਗ ਘਰਾਂ ਨੂੰ ਸਹਾਰਾ ਦੇ ਕੇ ਕਿਵੇਂ ਸਹਾਇਤਾ ਕਰ ਰਹੇ ਹਾਂ

ਓਨਟਾਰਿਓ ਕਾਰਵਾਈ ਕਰ ਰਿਹਾ ਹੈ:

- ਪ੍ਰਾਂਤ ਭਰ ਵਿੱਚ ਪੁੱਜਣਯੋਗ ਘਰ ਬਣਾਉਣ ਅਤੇ ਉਨ੍ਹਾਂ ਦੀ ਮੁਰੰਮਤ ਕਰਨ ਲਈ 2003 ਤੋਂ ਲਗਭਗ 4 ਬਿਲੀਅਨ ਡਾਲਰ ਦਾ ਨਿਵੇਸ਼ ਕਰਕੇ, ਜਿਸ ਨੇ 20,000 ਤੋਂ ਵੱਧ ਨਵੇਂ ਪੁੱਜਣਯੋਗ ਰਿਹਾਇਸ਼ੀ ਯੂਨਿਟ ਬਣਾਉਣ ਵਿੱਚ ਮਦਦ ਕੀਤੀ ਹੈ, ਸਮਾਜਿਕ ਅਤੇ ਪੁੱਜਣਯੋਗ ਰਿਹਾਇਸ਼ੀ ਯੂਨਿਟਾਂ ਵਿੱਚ 275,00 ਤੋਂ ਵੱਧ ਮੁਰੰਮਤਾਂ ਅਤੇ ਸੁਧਾਰਾਂ ਦਾ ਸਮਰਥਨ ਕੀਤਾ ਹੈ ਅਤੇ 90,000 ਤੋਂ ਵੱਧ ਲੋੜਵੰਦ ਘਰਾਂ ਨੂੰ ਕਿਰਾਏ ਅਤੇ ਡਾਉਨ ਪੇਮੈਂਟ ਸਹਾਇਤਾ ਮੁਹੱਈਆ ਕੀਤੀ ਹੈ।
- ਪ੍ਰਾਂਤ ਭਰ ਵਿੱਚ ਸੋਸ਼ਲ ਹਾਉਸਿੰਗ ਅਪਾਰਟਮੈਂਟਾਂ ਨੂੰ ਊਰਜਾ ਸਮਰੱਥਾ ਸੰਬੰਧੀ ਸੁਧਾਰਾਂ ਨਾਲ ਰੇਟਰੋਫਿਟ (retrofit) ਕਰਨ ਲਈ ਕਲਾਈਮੇਟ ਚੇਂਜ ਐਕਸ਼ਨ ਪਲੈਨ (Climate Change Action Plan) ਰਾਹੀਂ 500 ਮਿਲੀਅਨ ਡਾਲਰ ਤੱਕ ਦਾ ਨਿਵੇਸ਼ ਕਰਕੇ, ਜਿਸ ਵਿੱਚ 2017- 18 ਵਿੱਚ 85 ਮਿਲੀਅਨ ਡਾਲਰ ਤੱਕ ਸ਼ਾਮਲ ਹਨ।
- ਪ੍ਰਾਂਤ ਭਰ ਵਿੱਚ ਬੇਘਰੀ ਨੂੰ ਰੋਕਣ ਅਤੇ ਉਸ ਵਲ ਤਵੱਜੋ ਦੇਣ ਲਈ ਕਮਿਊਨਿਟੀ ਹੋਮਲੈਸਨੈਸ ਪ੍ਰੀਵੈਂਨਸ਼ਨ ਇੰਨੀਸ਼ੀਏਟਿਵ (Community Homelessness Prevention Initiative) ਦੇ ਰਾਹੀਂ ਕਿਰਾਏ ਸੰਬੰਧੀ ਸਹਾਇਤਾ ਅਤੇ ਦੂਸਰੀਆਂ ਸੇਵਾਵਾਂ ਲਈ ਤਿੰਨ ਸਾਲਾਂ ਦੇ ਦੌਰਾਨ 925 ਮਿਲੀਅਨ ਡਾਲਰ ਤੱਕ ਨਿਵੇਸ਼ ਕਰਕੇ।
- ਫੇਅਰ ਹਾਉਸਿੰਗ ਪਲੈਨ (Fair Housing Plan) ਦੇ ਹਿੱਸੇ ਵਜੋਂ, ਇੱਕ ਅਜਿਹੇ ਪ੍ਰੋਗਰਾਮ ਦੀ ਸਥਾਪਨਾ ਕਰਕੇ, ਜਿਹੜਾ ਕਿ ਪ੍ਰਾਂਤ ਭਰ ਵਿੱਚ ਹੋਰ ਪੁੱਜਣਯੋਗ ਰਿਹਾਇਸ਼ੀ ਯੂਨਿਟਾਂ ਦਾ ਨਿਰਮਾਣ ਕਰਨ ਦੇ ਤਰੀਕੇ ਦੇ ਲਈ ਪ੍ਰਾਂਤੀਏ ਭੂਮੀ ਸੰਪਤੀ ਦੀ ਵਰਤੋਂ ਕਰੇਗਾ। ਇਸ ਪ੍ਰੋਗਰਾਮ ਦੇ ਹੇਠ ਪ੍ਰਾਂਤ 2,000 ਨਵੇਂ ਰਿਹਾਇਸ਼ੀ ਯੂਨਿਟਾਂ ਦਾ ਵਿਕਾਸ ਕਰਨ ਲਈ ਜ਼ਮੀਨ ਦੀ ਸ਼ਕਲ ਵਿੱਚ 70 - 100 ਮਿਲੀਅਨ ਡਾਲਰ ਵਚਨਬੱਧ ਕਰੇਗਾ ਜਿਸ ਵਿੱਚ ਮਾਰਕਿਟ ਅਤੇ ਪੁੱਜਣਯੋਗ ਘਰਾਂ ਦਾ ਮਿਸ਼ਰਨ ਸ਼ਾਮਲ ਹੋਏਗਾ। ਪਾਇਲਟ ਪ੍ਰੋਗਰਾਮ ਦੇ ਲਈ ਵਿਚਾਰ ਅਧੀਨ ਸੰਭਾਵੀ ਸਾਇਟਾਂ ਵਿੱਚ ਸ਼ਾਮਲ ਹਨ ਦ ਵੈਸਟ ਡੌਨ ਲੈਂਡਜ਼ ਦਾ ਇੱਕ ਹਿੱਸਾ, ਟੋਰੋਂਟੋ ਵਿੱਚ 27 ਗਰੋਸਵੀਨਰ/26 ਗ੍ਰੈਨਵਿਲ ਸਟ੍ਰੀਟਾਂ ਅਤੇ ਪ੍ਰਾਂਤ ਵਿੱਚ ਦੂਸਰੀਆਂ ਸਾਇਟਾਂ।
- ਨਗਰਪਾਲਿਕਾਵਾਂ ਦੇ ਲਈ ਇੱਕ ਸੰਮਿਲਤ ਕਰਨ ਵਾਲੇ ਜ਼ੋਨਿੰਗ ਢਾਂਚੇ ਦਾ ਅਸਥਾਪਨ ਕਰਨਾ ਜਿਹੜਾ ਰਿਹਾਇਸ਼ੀ ਵਿਕਾਸਾਂ ਦੇ ਹਿੱਸੇ ਵਜੋਂ ਪੁੱਜਣਯੋਗ ਰਿਹਾਇਸ਼ੀ ਯੂਨਿਟਾਂ ਨੂੰ ਸਮਰੱਥ ਕਰੇਗਾ।